This is text of the Video

# Janam Maran Dohu Main Nahi Jan Paropkari Aaye

by

Brig. Partap Singh Ji Jaspal (Retd.)

available at:

www.SikhVideos.org

# ਜਨਮ ਮਰਣ ਦੁਹਹੂ ਮਹਿ ਨਾਹੀ
# ਜਨ ਪਰਉਪਕਾਰੀ ਆਏ ॥

Janam Maran Dohu Main
Nahi Jan Paropkari Aaye

*"ਤਵਾਰੀਖਾਂ ਮੁਰਦਿਆਂ ਦੀਆਂ ਬਣਦੀਆਂ ਹਨ, ਗੁਰਮੁਖ ਸਦਾ ਜਿਉਂਦੇ ਰਹਿੰਦੇ ਹਨ । "*

*–ਬਾਬਾ ਨੰਦ ਸਿੰਘ ਜੀ ਮਹਾਰਾਜ*

*"ਸਾਰੀ ਦੁਨੀਆਂ ਮੂੰਹ ਮੋੜ ਸਕਦੀ ਹੈ ਪਰ ਬਾਬਾ ਨੰਦ ਸਿੰਘ ਜੀ ਮਹਾਰਾਜ ਆਪਣੇ ਸ਼ਰਧਾਲੂ ਦਾ ਫੜਿਆ ਹੱਥ ਕਦੀ ਨਹੀਂ ਛੱਡਦੇ ।"*

*–ਬਾਬਾ ਨਰਿੰਦਰ ਸਿੰਘ ਜੀ*

## ਗੁਰਮੁੱਖ ਸਦਾ ਜੀਉਂਦੇ ਰਹਿੰਦੇ ਹਨ

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥*

**"ਜਨ ਪਰਉਪਕਾਰੀ"** ਕਿਸ ਤਰ੍ਹਾਂ ਦੇ ਪਰਉਪਕਾਰੀ,

*ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥*

ਜਿਸ ਨਿਮਰਤਾ ਤੇ ਗਰੀਬੀ ਦੀ ਅਵਸਥਾ ਵਿੱਚ ਸਾਹਿਬ ਬ੍ਰਹਮ ਗਿਆਨੀ ਦੇ ਬ੍ਰਹਮ ਦਾ ਗਿਆਨ ਦਸਦੇ ਹਨ। ਬ੍ਰਹਮ ਗਿਆਨੀ ਦੇ ਰੋਮ-ਰੋਮ ਵਿੱਚ ਨਿਮਰਤਾ ਤੇ ਗਰੀਬੀ ਸਮਾਈ ਹੁੰਦੀ ਹੈ,

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥*

ਇਕ ਦਫ਼ਾ ਇਕ ਬਹੁਤ ਪੜ੍ਹਿਆ-ਲਿਖਿਆ ਪ੍ਰੋਫੈਸਰ ਬੇਨਤੀ ਕਰਦਾ ਹੈ ਬਾਬਾ ਨੰਦ ਸਿੰਘ ਸਾਹਿਬ ਦੇ ਚਰਨਾ ਦੇ ਵਿੱਚ ਕਿ ਗਰੀਬ ਨਿਵਾਜ !ਆਗਿਆ ਬਖਸ਼ੋ, ਇਹ ਦਾਸ ਆਪ ਦੇ ਜੀਵਨ ਦੇ ਉੱਤੇ ਕਿਤਾਬ ਲਿਖਣਾ ਚਾਹੁੰਦਾ ਹੈ। ਬਾਬਿਆਂ ਨੇ ਪ੍ਰੋਫੈਸਰ ਸਾਹਿਬ ਵੱਲ ਵੇਖਿਆ, ਪ੍ਰੋਫੈਸਰ ਸਾਹਿਬ ਕੀ ਲਿਖੋਗੇ? ਅੱਗੋਂ ਜਵਾਬ ਦੇ ਰਿਹਾ ਹੈ ਕਿ ਜਿਸ ਤਰ੍ਹਾਂ ਆਪ ਦਾ ਰੋਜ਼ ਦਾ ਨਿਤਨੇਮ ਹੈ। ਅੱਗੋਂ ਹੱਸ ਪਏ, ਕਹਿਣ ਲੱਗੇ ਅੱਜ ਤੱਕ ਲਿਖਣ ਵਾਲਿਆਂ ਨੇ ਬਾਬਾ ਫ਼ਰੀਦ ਜੀ ਦੇ ਉਹ 12 ਸਾਲਾਂ ਦੇ ਉੱਤੇ ਕੀ ਲਿਖਿਆ ਹੈ ਜਦੋਂ ਉਹ ਖ਼ੂਹ ਵਿੱਚ ਲਟਕੇ ਰਹੇ ਹਨ। ਇੰਨਾ ਹੀ ਲਿਖਿਆ ਹੈ ਕਿ,

**ਬਾਬਾ ਫ਼ਰੀਦ ਜੀ 12 ਸਾਲ ਖ਼ੂਹ ਵਿੱਚ ਲਟਕੇ ਰਹੇ ਹਨ ਤੇ ਫਿਰ 12 ਸਾਲ ਬਾਬਾ ਫ਼ਰੀਦ ਜੀ ਦੇ ਨਾਲ ਕੀ ਰੋਜ਼ ਵਾਪਰੀ ਹੈ? ਕੀ ਬੀਤੀ ਹੈ? ਕਿਸੇ ਨੂੰ ਪਤਾ ਸੀ? ਕੋਈ ਉਸ ਨੂੰ ਦੇਖਣ ਦੀ ਸਮਰਥਾ ਰੱਖਦਾ ਸੀ? ਨਹੀ ਗਰੀਬ ਨਿਵਾਜ ! ਕਹਿਣ ਲੱਗੇ, ਪ੍ਰੋਫੈਸਰ ਸਾਹਿਬ ਤਵਾਰੀਖ਼ਾਂ ਮੁਰਦਿਆਂ ਦੀਆਂ ਬਣਦੀਆਂ ਹਨ, ਗੁਰਮੁੱਖ ਸਦਾ ਜੀਉਂਦੇ ਰਹਿੰਦੇ ਹਨ।**

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*

13 ਭਾਦੋਂ, 28 ਅਗਸਤ 1943 ਨੂੰ ਬਾਬਾ ਨੰਦ ਸਿੰਘ ਸਾਹਿਬ ਭਾਣਾ ਵਰਤਾ ਗਏ। ਅਨਗਿਣਤ ਸੰਗਤ ਚਾਰੇ ਪਾਸਿਉਂ, ਜਿੱਦਾ ਪਤਾ ਲੱਗੀ ਜਾਂਦਾ ਹੈ ਇਕੱਤਰ ਹੋ ਰਹੀ ਹੈ ਭੱਜੇ ਆ ਰਹੇ ਹਨ,

ਭੁੱਬਾਂ ਮਾਰ ਕੇ ਰੋ ਰਹੇ ਸਨ, ਪਿੰਡਾਂ ਦੇ ਪਿੰਡ ਇੱਕਠੇ ਹੋ ਕੇ ਆ ਰਹੇ ਸਨ। ਪਿਤਾ ਜੀ ਉਸ ਵੇਲੇ ਮੋਗਾ ਤਹਿਸੀਲ ਦੇ ਪੁਲਿਸ ਮੁਖੀ ਸਨ। ਤਕਰੀਬਨ ਤਹਿਸੀਲ ਦੀ ਸਾਰੀ ਹੀ Transport ਇਕੱਠੀ ਕਰ ਲਈ ਸੀ। ਉਹਦੇ ਇਲਾਵਾ ਹੋਰ ਵੀ Transport ਸੀ ਪਰ ਸਾਧ ਸੰਗਤ ਜੀ, ਜਿਸ ਵਕਤ ਬਾਬਾ ਜੀ ਨੂੰ ਅਗਲੇ ਦਿਨ 29 ਅਗਸਤ ਨੂੰ ਸੱਤਲੁਜ ਦੇ ਦਰਿਆ ਵਿੱਚ ਜਲ ਪ੍ਰਵਾਹ ਵਾਸਤੇ ਲੈ ਕੇ ਗਏ ਹਨ ਉੱਥੇ ਦੇ ਸਾਰੇ ਗੋਤਾਖੋਰ ਮੁਸਲਮਾਨ ਸਨ। ਉਨ੍ਹਾਂ ਨੇ ਜਲ ਪ੍ਰਵਾਹ ਦੇ ਵਿੱਚ ਮਦਦ ਵੀ ਕਾਫ਼ੀ ਕੀਤੀ ਸੀ ਪਰ ਜਿਸ ਵਕਤ ਰਾਤ ਪਈ, ਸਾਰੀ ਸੰਗਤ ਵਾਪਸ ਜਾ ਚੁਕੀ ਸੀ। ਉਸ ਵੇਲੇ ਉਨ੍ਹਾਂ ਨੇ ਗੋਤੇ ਲਾਏ, ਕਿਸ਼ਤੀ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ।

ਸਾਰੀ ਰਾਤ ਗੋਤੇ ਲਾਉਂਦੇ ਰਹੇ ਪਰ ਕਿਸ਼ਤੀ ਨਾ ਲੱਭੀ। ਪੋਹ ਫੁੱਟਣ ਤੋਂ ਪਹਿਲੋਂ ਹੰਬੇ ਹੋਏ ਕਿਨਾਰੇ ਤੇ ਆ ਕੇ ਲੇਟੇ ਹੋਏ ਹਨ ਤੇ ਵਿਚਾਰ ਕਰ ਰਹੇ ਹਨ ਕਿ ਅਸੀਂ ਤਾਂ ਦਰਿਆ ਦੀ ਤਹਿ ਤੋਂ ਛੋਟੀ ਤੋਂ ਛੋਟੀ ਚੀਜ਼ ਲੱਭ ਕੇ ਲੈ ਆਉਂਦੇ ਸੀ ਅੱਜ ਕੀ ਹੋਇਆ ਐਡੀ ਵੱਡੀ ਕਿਸ਼ਤੀ ਸਾਨੂੰ ਨਹੀਂ ਲੱਭੀ। ਫਿਰ ਕਹਿਣ ਲੱਗੇ ਕਿਸ਼ਤੀ ਅਤੇ ਬਾਬੇ ਅਲੋਪ ਕਿੱਥੇ ਹੋ ਗਏ ਹਨ ਪਰ ਆਪਣੀ ਕੋਸ਼ਿਸ਼ ਨਹੀ ਛੱਡੀ ਅਤੇ ਅਗਲੀ ਰਾਤ ਉਸੇ ਤਰ੍ਹਾਂ ਫਿਰ ਲੱਭਦੇ ਰਹੇ। ਫਿਰ ਪੋਹ ਫੁੱਟਣ ਤੋਂ ਪਹਿਲੋਂ ਸਵੇਰੇ ਹੰਬੇ ਹੋਏ ਸਾਹਿਲ ਤੇ ਲੇਟੇ ਹੋਏ ਹਨ, ਵਿਚਾਰ ਕਰ ਰਹੇ ਹਨ, ਕਿਸ਼ਤੀ ਅਲੋਪ ਕਿੱਦਾਂ ਹੋ ਗਈ? ਅਚਾਨਕ ਖ਼ਿਆਲ ਆਇਆ ਕਿ ਅਸੀਂ ਤਾਂ ਇਕ ਬੜੀ ਭਾਰੀ ਭੁੱਲ ਕਰ ਬੈਠੇ ਹਾਂ। ਇਕ ਸਾਡੇ ਕੋਲੋਂ ਗੁਨਾਹ ਹੋ ਗਿਆ ਹੈ, ਇਕ ਪਾਪ ਹੋ ਗਿਆ ਹੈ। ਅਸੀ ਅੱਲ੍ਹਾ ਦੇ ਇਕ ਮਹਾਨ ਦਰਵੇਸ਼, ਇਕ ਮਹਾਨ ਫ਼ਕੀਰ ਦੀ ਕਿਸ਼ਤੀ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਬਹੁਤ ਜ਼ਿਆਦਾ ਅਹਿਸਾਸ ਹੋਇਆ

ਉਸ ਗੁਨਾਹ ਦਾ, ਪਾਪ ਦਾ, ਮਹਿਸੂਸ ਕਰ ਰਹੇ ਹਨ ਫਿਰ ਅੱਲ੍ਹਾ ਨੂੰ ਦੁਆ ਕਰ ਰਹੇ ਹਨ, ਉਸ ਦੇ ਰਹਿਮ ਦੀ, ਉਸ ਦੀ ਬਖਸ਼ਿਸ਼ ਦੀ ਆਪਣੇ ਗੁਨਾਹ ਨੂੰ ਮਹਿਸੂਸ ਕਰਦੇ ਹੋਏ ਦਿਲੋਂ ਪੁਕਾਰ ਉੱਠ ਰਹੀ ਹੈ। ਉਸੇ ਵੇਲੇ ਉਨ੍ਹਾਂ ਵਿਚੋਂ ਇਕ ਨੇ ਦੂਜਿਆਂ ਨੂੰ ਕਿਹਾ ਉਏ ਉਸ ਪਾਸੇ ਤਾਂ ਦੇਖੋ ਜਿਸ ਵਕਤ ਖੱਬੇ ਪਾਸੇ ਦੇਖਿਆ ਹੈ ਤਾਂ ਬਾਬਾ ਨੰਦ ਸਿੰਘ ਸਾਹਿਬ, ਮੇਰੇ ਬਾਬਾ ਨੰਦ ਸਿੰਘ ਸਾਹਿਬ ਉਸ ਦਰਿਆ ਦੇ ਕਿਨਾਰੇ ਤੇ ਟਹਿਲ ਰਹੇ ਹਨ। ਜਿਸ ਵਕਤ ਅੱਲ੍ਹਾ ਦੇ ਨੂਰ ਦੇ ਦਰਸ਼ਨ ਕੀਤੇ ਹਨ ਫਿਰ ਥਿੜਕ ਉੱਠੇ ਹਨ ਤੇ **'ਯਾ ਅੱਲ੍ਹਾ' 'ਯਾ ਅੱਲ੍ਹਾ'** ਕਰਦੇ ਸਭ ਚਰਨਾ ਤੇ ਡਿੱਗ ਪਏ ਹਨ।

*ਬਾਬਾ ਜੀ ਦੇ ਜਲ ਪ੍ਰਵਾਹ ਦੀ*
*ਅੰਤਿਮ ਹੋਈ ਤਿਆਰੀ।*

*ਖ਼ੂਬ ਸਜਾਈ ਕਿਸ਼ਤੀ ਉਨ੍ਹਾ ਦੀ*
*ਮੋਤੀਆਂ ਨਾਲ ਸ਼ਿੰਗਾਰੀ।*

*ਸੱਤਲੁਜ ਦੇ ਗਹਿਰੇ ਪਾਣੀ ਵਿਚ*
*ਕਿਸ਼ਤੀ ਗਈ ਉਤਾਰੀ।*

*ਗੋਤੇ ਖੋਰਾਂ ਰਾਤ ਹਨੇਰੀ*
*ਦਰਿਆ 'ਚ ਟੁਬੀ ਮਾਰੀ।*

*ਕਿਸ਼ਤੀ ਬਾਬਿਆਂ ਦੀ ਫੜ੍ਹ ਲਈਏ*

ਡੂੰਘੇ ਪਾਣੀ ਚ ਜਾਕੇ ।

ਹੀਰੇ ਮੋਤੀ ਦੁਸ਼ਾਲੇ ਸੋਹਣੇ ਲੈ ਲਈਏ ਹਥ ਪਾਕੇ ।

ਗੋਤੇ ਖੋਰਾਂ ਇਹ ਲਭਨ ਲਈ
ਡਾਢੀ ਟਿੱਲ ਲਗਾਈ ।

ਖਾਲੀ ਹਥ ਮੁੜੇ ਸਭ ਵਾਪਿਸ
ਕਿਸ਼ਤੀ ਹੱਥ ਨ ਆਈ ।

ਪੋਹ ਫੁੱਟੀ ਕੀ ਦੇਖਿਆ ਹੋਏ ਅਚੰਬੱਤ ਸਾਰੇ ।

ਬਾਬਾ ਨੰਦ ਸਿੰਘ ਟਹਿਲ ਰਹੇ
ਦਰਿਆ ਦੇ ਕਿਨਾਰੇ ।

ਸਾਰੇ ਗੋਤਾ ਖੋਰ ਥਿੜਕ ਕੇ
ਇਕ ਦਮ ਚਰਨੀ ਢਹਿ ਪਏ ।

ਇਲਾਹੀ ਪ੍ਰਕਾਸ਼ ਦੇਖ ਕੇ
ਬੋਲ ਉਠੇ ਸਭ ਕਹਿ ਕੇ ।

ਧੰਨ ਧੰਨ ਬਾਬਾ ਨੰਦ ਸਿੰਘ ਜੀ
ਧੰਨ ਹੈ ਤੇਰੀ ਵਡਿਆਈ ।

*ਸੰਗਤ ਗਾਉਂਦੀ ਦੇਵਤੇ ਗਾਉਂਦੇ,*
*ਗਾਉਂਦੀ ਕੁਲ ਖ਼ੁਦਾਈ ।*

*ਬਾਬਾ ਨੰਦ ਸਿੰਘ ਜੀ ਦੀ ਅਮਰ ਕਥਾ,*
*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।*

*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ,*
*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।*

*ਸੁਣੋ ਮੇਰੇ ਵੀਰ ਜੀਓ ਬਾਬੇ ਨੰਦ ਸਿੰਘ ਜੀ*
*ਦੀ ਅਮਰ ਕਥਾ ।*

## ਉਹ ਭੂਤ ਭਵਿੱਖ ਤੇ ਵਰਤਮਾਨ, ਹਰ ਸਮੇ ਚ ਹਾਜ਼ਰ ਨਾਜ਼ਰ ਨੇ

ਸਾਧ ਸੰਗਤ ਜੀ, ਇਕ ਮੌਕੇ ਤੇ ਪਾਪਾ ਜੀ ਤੇ ਅਸੀਂ ਠਾਠ ਤੇ ਜਾ ਰਹੇ ਸਾਂ, ਬਾਬੇ ਖੇਡ ਵਰਤਾ

ਚੁੱਕੇ ਸਨ ।1945 ਦੀ ਗੱਲ ਹੈ, ਜਿਸ ਵਕਤ ਬਾਬਿਆਂ ਦੇ ਠਾਠ ਦੇ ਕੋਲ ਪਹੁੰਚੇ ਤਾਂ ਇਕ ਸਿੱਖ ਬਹੁਤ ਉੱਚੀ-ਉੱਚੀ ਰੋ ਰਿਹਾ, ਵੈਰਾਗ ਕਰ ਰਿਹਾ ਸੀ ।ਪਿਤਾ ਜੀ ਖੜ੍ਹੇ ਹੋ ਗਏ ਤੇ ਇਕ ਚੀਜ਼ ਕਹੀ ਦੇਖ ਭਾਈ ਸਿੱਖਾ ਤੂੰ ਬਹੁਤ ਜ਼ਿਆਦਾ ਵੈਰਾਗ ਕਰ ਰਿਹਾ ਹੈਂ ਹੋ ਸਕਦਾ ਹੈ ਕਿ ਤੈਨੂੰ ਕੋਈ ਕਸ਼ਟ ਹੈ ਜੇ ਤੂੰ ਸਾਨੂੰ ਦੱਸੇਂ ਤਾਂ ਇਹ ਹੋ ਸਕਦਾ ਹੈ ਕਿ ਅਸੀਂ ਤੇਰੀ ਕੁੱਛ ਮਦਦ ਕਰ ਸਕੀਏ ।ਉਹ ਦੇਖ ਕੇ ਹੋਰ ਰੋਣ ਲੱਗ ਪਿਆ, ਉਹ ਹੱਥ ਜੋੜ ਕੇ ਘਟਨਾ ਸੁਣਾਉਂਦਾ ਹੈ ਉਸ ਵੇਲੇ ਜੋ ਦਾਸ ਵੀ ਸੁਣ ਰਿਹਾ ਸੀ ।ਕਹਿਣ ਲੱਗਾ ਜੀ ਮੇਰਾ ਨਾਮ ਬਲਵੰਤ ਸਿੰਘ ਹੈ, ਮੈਂ ਸੂਬੇਦਾਰ ਹਾਂ ਸਾਡੀ ਪਲਟਨ ਇਟਲੀ ਵਿੱਚ ਸੀ, ਲੜਾਈ ਦੇ ਵਿੱਚ ਹਿੱਸਾ ਲੈ ਰਹੀ ਸੀ ।ਹੁਕਮ ਹੋਇਆ ਪਟ੍ਰੋਲ (Patrol) ਲੈ ਜਾਉਣ ਦਾ, ਪਟ੍ਰੋਲ ਲੀਡਰ (Leader) ਮੈਨੂੰ ਬਣਾਇਆ ਗਿਆ ।ਦੁਸ਼ਮਨ ਦੀਆਂ Lines ਦੇ ਪਿੱਛੋਂ ਜਾ ਕੇ ਆਹ-ਆਹ ਖ਼ਬਰ ਲੈ ਕੇ ਆਉਣੀ ਹੈ ਇਹ ਸਾਨੂੰ ਆਗਿਆ ਮਿਲੀ, ਹੁਕਮ ਮਿਲਿਆ ਔਰ ਪਟ੍ਰੋਲ ਤੁਰ ਪਿਆ ।ਕਹਿਣ ਲੱਗਾ ਜਦੋਂ ਸਾਡਾ ਪਟ੍ਰੋਲ ਦੁਸ਼ਮਨ ਦੀ ਲਾਈਨਜ਼ ਦੇ ਪਿੱਛੇ ਪਹੁੰਚਿਆ ਤਾਂ ਅੰਬੁਸ਼ (Ambush) ਹੋ ਗਿਆ ਜਿਸ ਵਕਤ ਦੁਸ਼ਮਨ ਦੀ ਗੋਲਾ ਬਾਰੀ ਸਾਡੇ ਤੇ ਚੱਲੀ ਹੈ ਮੇਰੇ ਸਾਥੀ ਮਾਰੇ ਗਏ ।ਕਹਿਣ ਲੱਗਾ, ਮੈਂ ਤੇ ਮੇਰਾ ਇਕ ਸਾਥੀ ਉੱਥੋਂ ਭੱਜੇ ਹਾਂ ਔਰ ਕਿੰਨੀ ਦੂਰ ਭੱਜ ਕੇ ਆ ਗਏ ਹਾਂ ਉਨ੍ਹਾਂ ਦੀਆਂ Lines ਤੋਂ ਕਿ ਸਾਨੂੰ ਕੁੱਛ ਪਤਾ ਨਹੀ ।ਉਹ ਪਹਾੜੀ ਇਲਾਕਾ ਸੀ ਉਸ ਦੀ ਗਾਰ ਦੇ ਵਿੱਚ ਲੁੱਕ ਗਏ ਜਾ ਕੇ ।ਦੋ ਦਿਨ ਹੋ ਗਏ ਸਾਨੂੰ ਉਸ ਵਿੱਚ ਛੁੱਪਿਆਂ ਹੋਇਆਂ ।ਜਿਸ ਵਕਤ ਸਾਡਾ Emergency ਰਾਸ਼ਨ ਵੀ ਖ਼ਤਮ ਹੋ ਗਿਆ Water bottle ਦਾ ਪਾਣੀ ਵੀ ਖ਼ਤਮ ਹੋ ਗਿਆ ਫਿਰ ਅਸੀਂ ਪਿਆਸੇ ਤੇ ਭੁੱਖੇ ਮਰਨ ਲੱਗੇ ।ਉਸ ਵੇਲੇ ਉਹ ਸੂਬੇਦਾਰ ਬਲਵੰਤ ਸਿੰਘ ਦੱਸ ਰਿਹਾ ਹੈ, ਕਹਿਣ ਲੱਗਾ, ਜੀ ਮੈਂ ਬਾਬਾ ਨੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਸੀ ਮੈਨੂੰ ਪਤਾ ਨਹੀਂ

ਕੀ ਖ਼ਿਆਲ ਆਇਆ ਮੈਂ ਆਪਣੇ ਬੂਟ ਲਾਏ ਹਨ ਔਰ ਉੱਠ ਕੇ ਖੜ੍ਹਾ ਹੋ ਗਿਆ ਹੱਥ ਜੋੜ ਕੇ ਮੈਂ ਉਸ ਵੇਲੇ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਵਿੱਚ ਅਰਦਾਸ ਕੀਤੀ ਹੈ ਕਿ,

**ਗਰੀਬ ਨਿਵਾਜ ! ਤੁਹਾਨੂੰ ਗੁਰੂ ਨਾਨਕ ਸਰੂਪ ਕਹਿੰਦੇ ਹਨ, ਗਰੀਬ ਨਿਵਾਜ ! ਅਸੀਂ ਮੌਤ ਦੇ ਮੂੰਹ ਵਿਚ ਫਸੇ ਹੋਏ ਹਾਂ। ਗਰੀਬ ਨਿਵਾਜ ! ਬਹੁੜੋ, ਸਾਨੂੰ ਬਚਾਓ।**

ਇੱਦਾਂ ਦੀ ਕਹਿੰਦਾ ਮੈਂ ਨਿਮਰਤਾ ਵਿੱਚ ਰੋ ਕੇ ਅਰਦਾਸ ਕੀਤੀ ਹੈ ਔਰ ਉਹ ਸਾਥੀ ਵੀ ਬੂਟ ਲਾਹ ਕੇ ਮੇਰੇ ਨਾਲ ਹੱਥ ਜੋੜੀ ਖੜ੍ਹਾ ਹੈ। ਕਹਿਣ ਲੱਗਾ ਕੋਈ ਇਕ, ਡੇਢ ਘੰਟਾ ਬੀਤੀਆ ਹੈ ਬਾਹਰੋਂ ਇਕ ਔਰਤ ਆਵਾਜ਼ ਦਿੰਦੀ ਹੈ। ਉਨ੍ਹੇ ਅੰਗ੍ਰੇਜ਼ੀ ਵਿੱਚ ਕਿਹਾ ਕਿ ਤੁਸੀਂ ਦੋ ਜਨੇ ਅੰਦਰ ਭੁੱਖੇ ਔਰ ਪਿਆਸੇ ਹੋ, ਮੈਂ ਤੁਹਾਡੇ ਵਾਸਤੇ ਖਾਣਾ ਔਰ ਜਲ ਲੈ ਕੇ ਆਈ ਹਾਂ, ਤੁਸੀਂ ਦੋਨੋਂ ਬਾਹਰ ਆ ਜਾਓ। ਕਹਿੰਦੇ ਜਿਸ ਵਕਤ ਉਸ ਆਵਾਜ਼ ਵਿਚ ਜਿੰਨੀ ਸਚਾਈ ਔਰ ਦਰਦ ਦੇਖੀ, ਇਕ ਦਮ ਅਸੀਂ ਦੋਨੋਂ ਬਾਹਰ ਆ ਗਏ। ਦੇਖਿਆ ਇਕ ਬਿਰਦ ਔਰਤ ਇਕ ਅੰਗ੍ਰੇਜ਼, ਇਸਾਈ ਔਰਤ ਖੜ੍ਹੀ ਹੈ ਔਰ ਉਹਦੇ ਇਕ ਹੱਥ ਵਿੱਚ ਵੱਡਾ Tiffin Carrier ਹੈ ਤੇ ਇਕ ਹੱਥ ਵਿੱਚ ਜਲ ਹੈ। ਉਸ ਵੇਲੇ ਕਹਿਣ ਲੱਗੀ ਤੁਸੀ ਬਹੁਤ ਭੁੱਖੇ ਹੋ ਤੁਸੀ ਬਹੁਤ ਪਿਆਸੇ ਹੋ ਅੰਗ੍ਰੇਜ਼ੀ ਵਿੱਚ ਕਿਹਾ, ਪਹਿਲੋ ਤੁਸੀਂ ਬਹਿ ਜਾਉ, ਮੈਂ ਤੁਹਾਨੂੰ ਜਲ ਦੇਨੀ ਹਾਂ ਫਿਰ ਪਰਸ਼ਾਦਾ ਛਕਾਉਂਦੀ ਹਾਂ ਉਸ ਦੇ ਬਾਦ ਆਪਾਂ ਗੱਲਾਂ ਕਰਾਂਗੇ। ਕਹਿੰਦਾ ਜੀ, ਅਸੀਂ ਸੀ ਵੀ ਬਹੁਤ ਭੁੱਖੇ ਬਹਿ ਗਏ ਉਸੇ ਵੇਲੇ, ਅਸੀ ਉਹਦਾ ਅੰਗ੍ਰੇਜ਼ੀ ਹੀ ਖਾਣਾ ਸੀ ਉਹ ਅਸੀਂ ਦੋਨਾਂ ਨੇ ਬਹੁਤ ਰੱਜ ਕੇ ਖਾਧਾ ਬਹੁਤ ਭਰਿਆ ਪਿਆ ਸੀ Tiffin Carrier ਤੇ ਜਲ

ਛੱਕਿਆ। ਫਿਰ ਪੁੱਛਿਆ ਹੇ ਮਾਤਾ! ਇਹ ਦੱਸ ਕਿ ਸਾਡਾ ਤੈਨੂੰ ਪਤਾ ਕਿੱਦਾਂ ਲੱਗਾ, ਫਿਰ ਜੋ ਉਸ ਨੇ ਦੱਸਿਆ ਉਹ ਬਲਵੰਤ ਸਿੰਘ ਸੂਬੇਦਾਰ ਦੱਸ ਰਿਹਾ ਹੈ। ਕਹਿਣ ਲੱਗਾ ਕਿ ਉਸਨੇ ਉਹੀ ਟਾਇਮ ਦੱਸਿਆ ਜਿਸ ਵਕਤ ਤੇ ਇਨ੍ਹਾਂ ਨੇ ਅਰਦਾਸ ਕੀਤੀ ਸੀ।

**ਕਹਿੰਦੀ ਮੈਂ ਸੁੱਤੀ ਪਈ ਸੀ ਆਪਣੇ ਘਰ, ਆਹ ਸਭ ਤੋਂ ਨੇੜੇ ਦਾ ਪਿੰਡ ਮੇਰਾ ਪਿੰਡ ਹੈ। ਉਸ ਵੇਲੇ ਮੇਰੇ ਹਜ਼ਰਤ ਈਸਾ ਨੇ Lord Christ ਨੇ ਦਰਸ਼ਨ ਦਿਤੇ ਮੈਨੂੰ। ਕਹਿਣ ਲੱਗੀ ਮੈ 40 ਸਾਲ ਤੋਂ Lord Christ ਦੀ ਤੱਪਸਿਆ, ਪੂਜਾ ਕਰਦੀ ਹਾਂ। ਮੈਨੂੰ ਪਹਿਲੀ ਵਾਰੀ ਉਨ੍ਹਾਂ ਦੇ ਦਰਸ਼ਨ ਹੋਏ, ਪ੍ਰਕਾਸ਼ ਹੋਇਆ। ਕਹਿਣ ਲੱਗੀ, ਮੈਂ ਗੱਦ-ਗੱਦ ਹੋ ਗਈ, ਹੈਰਾਨ ਹੋ ਰਹੀ ਹਾਂ ਸੁਪਨੇ ਦੇ ਵਿੱਚ ਕਿ ਅੱਜ ਮੈਨੂੰ ਕਿਹਦੇ ਦਰਸ਼ਨ ਹੋ ਰਹੇ ਹਨ ਤਾਂ ਫਿਰ ਕਹਿਣ ਲੱਗੀ ਐਨੀਂ ਦੇਰ ਨੂੰ ਫਿਰ ਇਕ ਦਮ ਉਨ੍ਹਾਂ ਦਾ ਸਰੂਪ ਬਦਲਿਆ ਹੈ ਤੇ ਇਕ ਬਾਬਾ ਜੀ ਦੇ ਤੌਰ ਤੇ ਉਨ੍ਹਾਂ ਦੇ ਦਰਸ਼ਨ ਹੋਏ ਹਨ। ਉਹ ਸਿੱਖ ਮਹਾਤਮਾ ਹਨ, ਸਫੈਦ ਉਨ੍ਹਾਂ ਦੇ ਬਸਤਰ ਹਨ ਉਹ ਪੂਰਾ ਉਨ੍ਹੇ ਉਹ ਨਕਸ਼ਾ ਦੱਸਿਆ। ਫਿਰ ਕਹਿੰਦੀ ਉਹ Lord Christ ਦੇ ਵਿੱਚ ਬਦਲ ਗਏ ਔਰ ਹਜ਼ਰਤ ਈਸਾ (Lord Christ) ਕਹਿ ਰਹੇ ਹਨ ਕਿ ਸਾਡੇ ਦੋ ਭਗਤ ਇਸ ਵੇਲੇ ਭੁੱਖੇ ਤੇ ਪਿਆਸੇ ਤੇਰੇ ਕੋਲ ਹਨ ਉੱਥੇ ਛੁਪੇ ਹੋਏ ਹਨ। ਜੋ ਕੁੱਛ ਤੇਰੇ ਘਰ ਵਿੱਚ ਹੈ ਸਭ ਕੁੱਛ ਲੈ ਜਾਹ, ਪਰਸ਼ਾਦਾ, ਜਲ ਲੈ ਜਾਹ ਉਨ੍ਹਾਂ ਨੂੰ ਜਾ ਕੇ ਪਹਿਲੋਂ ਪਰਸ਼ਾਦਾ ਛਕਾ ਕੇ ਤੇ ਫਿਰ ਉਨ੍ਹਾਂ ਨੂੰ ਆਪਣੇ ਘਰ ਲੈ ਆਈਂ, ਘਰ ਲਿਆ ਕੇ ਕੱਲ ਰਾਤ ਉਨ੍ਹਾਂ ਨੂੰ ਉਨ੍ਹਾਂ ਦੀ Lines ਤੱਕ ਪਹੁੰਚਾ ਕੇ**

**ਆਈ ਉੱਥੋ ਤੱਕ ਛੱਡ ਕੇ ਆਈਂ।**

ਕਹਿੰਦਾ ਜੀ ਮੈਂ ਤਾਂ ਰੋਣਾ ਸ਼ੁਰੂ ਕਰ ਦਿੱਤਾ ਕਿ ਹੇ ਬਾਬਾ ਨੰਦ ਸਿੰਘ ਸਾਹਿਬ ਤੇਰਾ ਖੇਡ, ਕਹਿਣ ਲੱਗਾ ਮੈਂ ਇੰਨਾ ਰੋਇਆ ਉਸ ਵੇਲੇ ਕਿ ਹੇ ਗਰੀਬ ਨਿਵਾਜ ! ਮੌਤ ਦੇ ਸ਼ਿਕੰਜੇ ਤੋਂ ਛਡਾਉਣ ਵਾਲੇ ਬਾਬਾ ਨੰਦ ਸਿੰਘ ਸਾਹਿਬ। ਉਸੇ ਵੇਲੇ ਕਹਿੰਦੇ ਉਹਦੇ ਨਾਲ ਤੁਰੇ ਹਾਂ ਉਹਦੇ ਘਰ ਵਿੱਚ ਆਏ ਹਾਂ। ਉਸ ਨੇ ਜਿੰਨੇ ਪਿਆਰ ਔਰ ਸਤਿਕਾਰ ਨਾਲ ਸਾਨੂੰ ਰੱਖਿਆ ਹੈ ਘਰ ਵਿੱਚ, ਸਾਡੀ ਸੇਵਾ ਕੀਤੀ ਹੈ। ਅਗਲੀ ਰਾਤ ਸਾਨੂੰ ਫਿਰ ਲੈ ਕੇ ਸਾਡੀਆਂ Lines ਤੱਕ ਗਈ ਹੈ ਰਾਤ ਨੂੰ, ਅਸੀ ਕਿਹਾ ਕਿ ਮਾਤਾ ! ਤੁਹਾਨੂੰ ਡਰ ਨਹੀਂ ਲਗਦਾ, ਕਹਿਣ ਲੱਗੀ ਜਿਸ ਦੇ ਨਾਲ ਹਜ਼ਰਤ ਈਸਾ, (Lord Christ) ਹੋਵੇ, ਜਿਸ ਦੇ ਨਾਲ ਤੁਹਾਡੇ ਬਾਬਾ ਜੀ ਹੋਣ ਉਹਨੂੰ ਮੌਤ ਤੋਂ ਕਿੱਦਾਂ ਡਰ ਆ ਸਕਦਾ ਹੈ। ਚੱਲੀ ਹੈ ਜਿਸ ਵਕਤ Lines ਤੱਕ ਪਹੁੰਚੀ ਹੈ ਛੱਡ ਕੇ ਉਨ੍ਹਾਂ ਤੋਂ ਆਗਿਆ ਲੈ ਕੇ ਵਾਪਿਸ ਆਈ ਹੈ। ਉੱਥੇ ਜਿਹੜੇ ਹੋਰ ਜਨੇ ਸੀ ਜਦੋਂ ਉਨਾਂ ਨੂੰ ਦੱਸਿਆ ਜਦੋਂ ਪਤਾ ਲੱਗਿਆ ਕਿ ਇਹ ਸਾਡੇ ਸੂਬੇਦਾਰ ਹਨ ਉਨ੍ਹਾਂ ਨੇ ਉਸ ਔਰਤ ਨੂੰ ਦੇਖਿਆ ਕਿ ਇਹ ਛੱਡ ਕੇ ਜਾ ਰਹੀ ਹੈ, ਗੱਲ ਫੈਲ ਗਈ।

ਇਕ ਪੰਜਾਬ ਦਾ Officer (Under Secretary) ਇਸੇ ਘਰ ਵਿੱਚ ਇਕ ਦੀਵਾਨ attend ਕਰ ਰਿਹਾ ਸੀ। ਜਿਸ ਵਕਤ ਇਹ ਦਾਸ ਘਟਨਾ ਦੱਸ ਰਿਹਾ ਸੀ ਉਹ ਉੱਠ ਕੇ ਖੜ੍ਹਾ ਹੋ ਗਿਆ ਕਹਿਣ ਲੱਗਾ ਕਿ ਜੀ ਉਹ ਸੂਬੇਦਾਰ ਬਲਵੰਤ ਸਿੰਘ ਸਾਡੀ ਪਲਟਨ ਦਾ ਸੀ। ਕਹਿਣ ਲੱਗਾ ਉਹ ਸਾਡੀ ਪਲਟਨ ਵਿੱਚ ਸੀ ਔਰ ਮੈਂ ਉਸ ਵੇਲੇ Record Office ਦੇ ਵਿੱਚ Service ਕਰਦਾ ਸੀ। ਫਿਰ ਕਹਿਣ ਲੱਗਾ ਉੱਥੋਂ Divisional Liaison Letter ਆਇਆ ਸੀ ਇਸ ਘਟਨਾ ਦੇ ਬਾਅਦ ਔਰ

ਉਸ ਦੇ ਵਿੱਚ ਇਕ ਵਾਕਿਆ ਦੱਸਿਆ ਗਿਆ ਕਿ English Fairy, (ਅੰਗਰੇਜ਼ ਪਰੀ) ਨੇ ਸਾਡੇ ਦੋ ਜਵਾਨਾਂ ਨੂੰ ਕਿਸ ਤਰ੍ਹਾਂ ਆ ਕੇ ਮੌਤ ਦੇ ਸ਼ਿਕੰਜੇ ਵਿੱਚੋਂ ਛੁਡਾਇਆ ਸੀ। ਆਪਣੇ ਘਰ ਲਿਜਾ ਕੇ ਰੱਖਿਆ ਔਰ ਕਿਸ ਤਰ੍ਹਾਂ ਸਾਡੀਆਂ Lines ਤੱਕ ਛੱਡ ਕੇ ਗਈ ਸੀ। ਕਹਿੰਦੇ ਸਾਰਾ Incident Divisional Liaison Letter ਦੇ ਵਿੱਚ ਆਇਆ ਸੀ ।ਸਾਧ ਸੰਗਤ ਜੀ, ਉਹ ਰੋ ਰਿਹਾ ਹੈ, ਸੂਬੇਦਾਰ ਬਲਵੰਤ ਸਿੰਘ ਨੂੰ ਪਿਤਾ ਜੀ ਨੇ ਬੜ੍ਹਾ ਪਿਆਰ ਕੀਤਾ ਔਰ ਫਿਰ ਉਹ ਕਹਿਣ ਲੱਗਾ ਕਿ ਜਿਹੜਾ ਉਹ ਨਿਰੰਕਾਰ ਦਾ ਪ੍ਰਕਾਸ਼ ਇੱਥੇ ਸੀ ਇਕ ਵਾਰੀ ਦਰਸ਼ਨ ਕੀਤੇ, ਹੁਣ ਮੈਂ ਰੋ ਰਿਹਾ ਹਾਂ ਕਿ ਉਹ ਤਾਂ ਭਾਣਾ ਵਰਤਾ ਗਏ ਹਨ, ਖੇਡ-ਖੇਡ ਗਏ ਹਨ ।ਇਕ ਵਾਰੀ ਦਰਸ਼ਨ ਕੀਤੇ ਹਨ ਤੇ ਅਸੀ ਉਨ੍ਹਾਂ ਦੇ ਦਰਸ਼ਨਾਂ ਦਾ ਵੀ ਫਾਇਦਾ ਨਹੀਂ ਉਠਾ ਸਕੇ ।

*ਬਾਬੇ ਜਤੀ ਸਤੀ ਤਪਸਵੀ ਨੇ,*
*ਉਹ ਰਾਮ ਨਾਮ ਦੇ ਤਾਜ਼ਰ ਨੇ ।।*

*ਉਹ ਭੂਤ ਭਵਿੱਖ ਤੇ ਵਰਤਮਾਨ,*
*ਹਰਿ ਸਮੇ ਚ ਹਾਜ਼ਰ ਨਾਜ਼ਰ ਨੇ ।।*

*ਬਾਬੇ ਤਾਂ ਹਾਜ਼ਰ ਨਾਜ਼ਰ ਨੇ,*
*ਉਹ ਮੁਖੜਾ ਕਦੋਂ ਛੁਪਾਂਦੇ ਨੇ ।।*

*ਪਰ ਨਜ਼ਰ ਜਿਨ੍ਹਾਂ ਦੀ ਉਜਲੀ ਏ,*
*ਉਹ ਨਜ਼ਰ ਉਨ੍ਹਾਂ ਨੂੰ ਆਉਂਦੇ ਨੇ ।।*

*ਧੰਨ ਧੰਨ ਬਾਬਾ ਨੰਦ ਸਿੰਘ ਜੀ,*
*ਧੰਨ ਹੈ ਤੇਰੀ ਵਡਿਆਈ ॥*

*ਸੰਗਤ ਗਾਉਂਦੀ, ਦੇਵਤੇ ਗਾਉਂਦੇ,*
*ਗਾਉਂਦੀ ਕੁਲ ਖ਼ੁਦਾਈ ॥*

# ਜਿੰਨ੍ਹੇ ਵੀ ਤੇਰੇ ਦਰਸ਼ਨ ਕੀਤੇ

ਸਾਧ ਸੰਗਤ ਜੀ, ਬਾਬਾ ਨੰਦ ਸਿੰਘ ਸਾਹਿਬ ਹੈ ਕੌਣ ? ਉਹ ਪ੍ਰਕਾਸ਼ ਹੈ ਕੌਣ? 1947 ਦੀ ਵੰਡ ਸਮੇ ਜੋ ਤਾਂਡਵ ਹੋਇਆ, ਉਸ ਵੇਲੇ ਤਾਂ ਬਾਬਾ ਜੀ ਖੇਡ ਵਰਤਾ ਗਏ ਸੀ ਪਰ ਸਾਧ ਸੰਗਤ ਜੀ ਜੋ ਉਸ ਵੇਲੇ ਭਾਣੇ ਵਰਤੇ ਹਨ ਜੋ ਖੇਡ ਹੋਏ ਹਨ, ਜਿਸ ਤਰ੍ਹਾਂ ਬਾਬਾ ਨੰਦ ਸਿੰਘ ਸਾਹਿਬ ਵਰਤੇ ਹਨ ਔਰ ਸਾਧ ਸੰਗਤ ਜੀ, ਐਨੀਂ ਹੈਰਾਨੀ ਦੀ ਗੱਲ ਹੈ ਕਿ ਐਨੇ ਹਿੰਦੂ ਤੇ ਸਿੱਖ ਉਸ ਪਾਸਿਉ ਜਿਹੜੇ ਬਾਬਾ ਨੰਦ ਸਿੰਘ ਸਾਹਿਬ ਦੇ ਜਿਨ੍ਹਾਂ ਨੇ ਦਰਸ਼ਨ ਕੀਤੇ ਸੀ, ਉਹ ਆਏ ਹਨ ਔਰ ਇਧਰੋਂ ਕਈ ਮੁਸਲਮਾਨ ਜਿਨ੍ਹਾਂ ਨੇ ਬਾਬਾ ਨੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਸੀ, ਉਹ ਉੱਧਰ ਗਏ ਹਨ।ਸਾਧ ਸੰਗਤ ਜੀ, ਉਸ ਤਾਂਡਵ ਦੇ ਵਿੱਚ, ਜੋ ਮੌਤ ਦਾ ਨਾਚ ਹੋਇਆ ਹੈ, ਬੜੀ ਸੰਗਤ ਉਸ ਵੇਲੇ ਪਿਤਾ

ਜੀ ਕੋਲ ਪਹੁੰਚੀ ਹੈ ਲੁਧਿਆਣੇ। ਪਿਤਾ ਜੀ ਲੁਧਿਆਣੇ ਜਿਲ੍ਹੇ ਦੇ ਪੁਲਿਸ ਮੁਖੀ ਸਨ। ਪੱਤੋਕੀ ਦੀ ਸੰਗਤ, ਝੰਗ-ਮਘਿਯਾਣੇ ਦੀ ਸੰਗਤ, ਮਿੰਟਗੁਮਰੀ ਦੀ ਸੰਗਤ ਫਿਰ ਜਿਸ ਤਰ੍ਹਾਂ ਉਨ੍ਹਾਂ ਨੇ ਆਪਣੀਆਂ ਹੱਡ ਬੀਤੀਆਂ ਦੱਸੀਆਂ ਹਨ। ਪਿਤਾ ਜੀ ਨੇ ਰੱਜ ਕੇ ਸੇਵਾ ਕੀਤੀ ਉਸ ਵੇਲੇ। ਮੈਨੂੰ ਇਹ ਪਤਾ ਹੈ ਕਿ ਸਾਡੇ ਘਰ ਉਸ ਵੇਲੇ ਕੋਈ ਕੰਬਲ ਤੇ ਰਜਾਈ ਤੱਕ ਨਹੀਂ ਰਹਿ ਗਏ ਸੀ ਕਿਉਂਕਿ ਉਨ੍ਹਾਂ ਪਾਸ ਕੋਈ ਕਪੜਾ ਵੀ ਨਹੀਂ ਸੀ। ਜੋ ਪਿਤਾ ਜੀ ਉਸ ਵੇਲੇ ਸੇਵਾ ਕਰ ਸਕਦੇ ਸੀ ਸਾਧ ਸੰਗਤ ਜੀ ਉਨ੍ਹਾਂ ਨਾਲ ਜਾ-ਜਾ ਕੇ ਉਨ੍ਹਾਂ ਨੂੰ Settle ਕਰਵਾਇਆ। ਉਨ੍ਹਾਂ ਵਾਸਤੇ ਜਗ੍ਹਾ ਦੇ ਬੰਦੋਬਸਤ ਕੀਤੇ ਪਰ ਜਿਹੜੇ ਮੁਸਲਮਾਨ ਇਸ ਪਾਸੋਂ ਗਏ ਸੀ ਜਿਹੜੇ ਮੁਸਲਮਾਨਾਂ ਨੇ ਉਨ੍ਹਾਂ ਵਿੱਚ ਉਹ ਮਲਾਹ, ਜਿਨ੍ਹਾਂ ਦੀ ਸਾਖੀ ਤੁਸੀਂ ਪਹਿਲੋਂ ਸੁਣ ਚੁੱਕੇ ਹੋ, ਜਿਸ ਤਰ੍ਹਾਂ ਉਹ ਗਏ ਹਨ ਪਰ ਹੈਰਾਨੀ ਦੀ ਗੱਲ ਹੈ ਜਦੋਂ ਮੁਸਲਮਾਨ ਕਈ ਉੱਥੇ ਪਹੁੰਚ ਕੇ ਜਿਨ੍ਹਾਂ ਨੇ Telephone ਕਰਕੇ ਦੱਸਿਆ ਕੇ ਸਾਨੂੰ ਇਕ ਝਰੀਟ ਤੱਕ ਨਹੀਂ ਆਈ।

**ਸਾਧ ਸੰਗਤ ਜੀ, ਜਿਸ ਨੇ ਵੀ ਬਾਬਾ ਨੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਸੀ, ਜਿਸ ਨੇ ਵੀ ਬਾਬਾ ਨੰਦ ਸਿੰਘ ਸਾਹਿਬ ਦੇ ਮੁਖਾਰਬਿੰਦ ਤੋਂ ਬਚਨ ਸੁਣ ਕੇ ਜਿੰਨ੍ਹਾਂ ਨੇ ਵੀ ਅੱਲ੍ਹਾ ਦਾ, ਜਿੰਨ੍ਹਾਂ ਨੇ ਵੀ ਰਾਮ ਦਾ, ਜਿਨ੍ਹਾਂ ਨੇ ਵੀ ਰਹੀਮ ਦਾ ਨਾਮ ਲੈਣਾ ਸ਼ੁਰੂ ਕਰ ਦਿੱਤਾ ਸੀ, ਜਿਹੜੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ, ਕੁਰਾਨ ਸ਼ਰੀਫ਼ ਦੇ ਨਾਲ, ਰਾਮਾਇਣ ਤੇ ਭਗਵੱਤ ਗੀਤਾ ਦੇ ਨਾਲ ਜੁੜ ਗਏ ਸੀ, ਕੀ ਮਜਾਲ ਹੈ ਕਿਸੇ ਦਾ ਵਾਲ ਵੀ ਵਿੰਗਾ ਹੋਇਆ ਹੋਵੇ**

ਪਰ ਜਿਹੜੀਆਂ ਚੀਜ਼ਾਂ ਉਨ੍ਹਾਂ ਨੇ ਦੱਸੀਆ ਸਾਧ ਸੰਗਤ ਜੀ, ਜੇ ਹਜ਼ਾਰਾਂ ਦੀ ਤਾਦਾਤ ਦੇ ਵਿੱਚ ਉਧਰੋ ਤੁਰੇ ਆ ਰਹੇ ਹਨ ਤਾਂ ਹਜ਼ਾਰਾ ਦੀ ਤਾਦਾਦ ਵਿਚ ਬਾਬਾ ਨੰਦ ਸਿੰਘ ਸਾਹਿਬ ਹਰ ਇਕ ਦੇ ਨਾਲ ਤੁਰੇ ਆ ਰਹੇ ਹਨ, ਜੇ ਹਜ਼ਾਰਾਂ ਦੀ ਤਾਦਾਦ ਦੇ ਵਿੱਚ ਇੱਧਰੋਂ ਤੁਰੇ ਜਾ ਰਹੇ ਹਨ ਤਾਂ ਕਈ ਹਜ਼ਾਰ ਮੇਰੇ ਬਾਬਾ ਨੰਦ ਸਿੰਘ ਸਾਹਿਬ ਉਨ੍ਹਾਂ ਨਾਲ ਤੁਰੇ ਜਾ ਰਹੇ ਹਨ।

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*

ਸਾਧ ਸੰਗਤ ਜੀ, ਆਪਣਾ 'ਨਾਮ' ਤਾਂ ਬਾਬਾ ਨੰਦ ਸਿੰਘ ਸਾਹਿਬ ਨੇ ਕਿਸੇ ਨੂੰ ਦਿੱਤਾ ਨਹੀਂ ਤੇ ਨਾ ਹੀ ਕਿਸੇ ਨੂੰ ਆਪਣੇ ਨਾਲ ਜੋੜਿਆ ਹੈ ਪਰ

**ਜਿਸ ਨੇ ਵੀ ਗੁਰੂ ਨਾਨਕ ਪਾਤਸ਼ਾਹ ਨੂੰ, ਜਿਸ ਨੇ ਵੀ ਅੱਲ੍ਹਾ ਨੂੰ, ਜਿਸ ਨੇ ਵੀ ਰਾਮ-ਰਹੀਮ ਨੂੰ ਬਾਬਾ ਨੰਦ ਸਿੰਘ ਸਾਹਿਬ ਦੇ ਉਪਦੇਸ਼ ਦੁਆਰਾ ਯਾਦ ਕੀਤਾ ਹੈ ਉੱਥੇ ਬਹੁੜਿਆ ਕੌਣ ਹੈ? ਮੇਰੇ ਬਾਬਾ ਨੰਦ ਸਿੰਘ ਸਾਹਿਬ ਬਹੁੜੇ ਹਨ ਔਰ ਹਰ ਇਕ ਦੇ ਨਾਲ ਬਹੁੜੇ ਹਨ ਉਹ ਕੌਣ ਬਹੁੜੇ।**

*1947 ਦੀ, ਵੰਡ ਸਮੇਂ ਜੋ ਤਾਂਡਵ ਹੋਇਆ ॥*

*ਦੋਜ਼ਕ ਵਰਗੀ ਅੱਗ ਵਰਸੀ,*

ਮੌਤ ਦਾ ਜੋ ਨਾਚ ਸੀ ਹੋਇਆ ॥

ਜਿੰਨ੍ਹੇ ਵੀ ਤੇਰੇ ਦਰਸ਼ਨ ਕੀਤੇ,
ਵਾਲ ਨ ਉਹਦਾ ਵਿੰਗਾ ਹੋਇਆ ॥

ਤੱਕਣੀ ਮੇਹਰ ਦੀ ਜਿਸਤੇ ਪਈ ਸੀ,
ਕਾਲ ਵੀ ਉਨ੍ਹਾਂ ਨੂੰ ਨਹੀ ਸੀ ਛੋਹਿਆ॥

ਬਾਬੇ ਨੰਦ ਸਿੰਘ ਨੂੰ ਮੈ ਗਰੀਬਾਂ ਦਾ,
ਮਸੀਹਾ ਨਾ ਆਖਾਂ ਤਾਂ ਕੀ ਆਖਾਂ॥

ਦਯਾ ਰੂਪ ਬਾਬੇ ਨੰਦ ਸਿੰਘ ਨੂੰ ਮੈਂ,
ਦਾਤਾਰ ਨਾ ਆਖਾਂ ਤਾਂ ਕੀ ਆਖਾਂ॥

ਧੰਨ ਧੰਨ ਬਾਬਾ ਨੰਦ ਸਿੰਘ ਜੀ,
ਧੰਨ ਹੈ ਤੇਰੀ ਵਡਿਆਈ ॥

ਸੰਗਤ ਗਾਉਂਦੀ, ਦੇਵਤੇ ਗਾਉਂਦੇ,
ਗਾਉਂਦੀ ਕੁਲ ਖ਼ੁਦਾਈ ॥

ਸੁਣੋ ਮੇਰੇ ਵੀਰ ਜੀਓ,
ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ॥

ਕੌਣ ਆਖਦਾ ਏ ਬਾਬੇ ਚਲੇ ਗਏ,
ਬਾਬੇ ਸੱਚੇ ਪਿਆਰ ਵਿੱਚ ਹਾਜ਼ਰ ਨਾਜ਼ਰ।।

ਪੱਤਝੜ ਵਿਚ ਬਾਬੇ ਹਾਜ਼ਰ ਨਾਜ਼ਰ,
ਬਾਬੇ ਖਿੜ੍ਹੀ ਬਹਾਰ ਵਿੱਚ ਹਾਜ਼ਰ ਨਾਜ਼ਰ।।

ਬਾਬੇ ਸਾਰੇ ਸੰਸਾਰ ਦੇ ਹਨ ਮਾਲਕ,
ਬਾਬੇ ਸਾਰੇ ਸੰਸਾਰ ਵਿਚ ਹਾਜ਼ਰ ਨਾਜ਼ਰ ।।

ਸੂਰਜ ਲਹਿਦਿਓਂ ਚੜ੍ਹਦਾ ਹੋ ਸਕਦੈ,
ਵਹਾਉ ਹਵਾ ਦਾ ਉਲਟਾ ਹੋ ਸਕਦੈ।।

ਮੇਰੇ ਪਿਆਰੇ ਬਾਬੇ ਨੰਦ ਸਿੰਘ ਜਿਹਾ,
ਕੋਈ ਦੂਜਾ ਹੋਰ ਨਹੀ ਹੋ ਸਕਦੈ।।

ਧੰਨ ਧੰਨ ਬਾਬਾ ਨੰਦ ਸਿੰਘ ਜੀ
ਧੰਨ ਹੈ ਤੇਰੀ ਵਡਿਆਈ ।।

ਸੰਗਤ ਗਾਉਂਦੀ, ਦੇਵਤੇ ਗਾਉਂਦੇ,
ਗਾਉਂਦੀ ਕੁਲ ਖ਼ੁਦਾਈ ।।

ਸੁਣੋ ਮੇਰੇ ਵੀਰ ਜੀਓ
ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ।।

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*

*ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ ॥*

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਗੁਰਮੁੱਖ ਸਦਾ ਜੀਉਂਦੇ ਰਹਿੰਦੇ ਹਨ।13 ਭਾਦੋਂ 28 ਅਗਸਤ 1943 ਦੇ ਬਾਅਦ ਦੇ ਇਹ ਫੁਰਮਾਨਾਂ ਦੇ ਉੱਤੇ, ਉਸ ਮਹਾਨ **'ਜਨ'** ਦੇ, ਉਸ ਗੁਰੂ ਨਾਨਕ ਪਾਤਸ਼ਾਹ ਦੇ ਭੇਜੇ ਹੋਏ ਬ੍ਰਹਮ ਗਿਆਨੀ ਦੇ, ਉਸ ਗੁਰਮੁੱਖ ਦੇ ਜਿਹੜਾ ਸਦਾ ਹੀ ਜੀਉਂਦਾ ਹੈ ਝਲਕ ਮਾਤਰ ਦਰਸ਼ਨ ਕੀਤੇ ਹਨ।ਸਾਧ ਸੰਗਤ ਜੀ, ਆਓ ! ਪਹਿਲੋਂ ਉਸ 'ਜਨ' ਦੇ, ਉਸ ਪ੍ਰਕਾਸ਼ਮਈ ਜੀਵਨ, ਉਸ ਅੰਮ੍ਰਿਤਮਈ ਜੀਵਨ ਦੇ ਕੁੱਛ ਚਮਤਕਾਰੀ ਦ੍ਰਿਸ਼ ਜਿਹੜੇ ਡਿੱਠੇ ਹਨ, ਉਨ੍ਹਾਂ ਦੇ ਵੀ ਝਲਕ ਮਾਤਰ ਦਰਸ਼ਨ ਕਰ ਲਈਏ।ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ 'ਇਸੁ ਜੁਗ ਮਹਿ,' ਕਲਿਜੁਗ ਦੇ ਵਿੱਚ,

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥*

ਸਾਹਿਬ ਦੇ ਫੁਰਮਾਨ, ਕਲਿਜੁਗ ਦੇ ਮਾਲਕ ਹਨ ਗੁਰੂ ਨਾਨਕ ਪਾਤਸ਼ਾਹ। **"ਅੰਮ੍ਰਿਤ ਦ੍ਰਿਸ਼ਟ ਪੇਖੇ ਹੋਏ ਸੰਤ"** ਜਿਸ ਤੇ ਅੰਮ੍ਰਿਤ ਦ੍ਰਿਸ਼ਟੀ ਵੀ ਪਾ ਦੇਣ ਉਹਨੂੰ ਸੰਤ ਬਣਾ ਦਿੰਦੇ ਹਨ। ਆਪ ਹੀ ਉਹ **'ਜਨ'** ਨੂੰ ਭੇਜਣ ਵਾਲਾ ਹੈ। ਆਪਣੇ **'ਜਨ'** ਨੂੰ, ਆਪ ਹੀ **ਬ੍ਰਹਮ ਗਿਆਨੀ** ਪੈਦਾ ਕਰਣ ਵਾਲਾ ਹੈ ਗੁਰੂ ਨਾਨਕ ਤੇ ਸਾਧ ਸੰਗਤ ਜੀ, ਗੁਰੂ ਸਾਹਿਬ ਆਪ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਅੰਮ੍ਰਿਤ ਬਾਣੀ ਵਿਚ ਉਸ ਦੀ ਪਛਾਣ ਦੱਸ ਰਹੇ ਹਨ, ਉਸਦੀ ਪਰਖ ਦੱਸ ਰਹੇ ਹਨ, ਉਸ ਦੇ ਪਰਮ ਗੁਣ ਦੱਸ ਰਹੇ ਹਨ ਜਿਹੜਾ ਗੁਰੂ ਨਾਨਕ ਪਾਤਸ਼ਾਹ **ਜਨ** ਭੇਜਦਾ ਹੈ

*ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ ਜਿ ਹਉਮੈ ਮੇਟਿ ਸਮਾਏ ॥*

ਕੋਈ ਵਿਰਲਾ ਬ੍ਰਹਮ ਗਿਆਨੀ ਇਸ ਘੋਰ ਅੰਧਕਾਰ ਕਲਿਜੁਗ ਦੇ ਵਿੱਚ ਜਿਹੜਾ ਇਸ **'ਹਉਮੈ'** ਨੂੰ ਜੜੋਂ ਹੀ ਪੁੱਟ ਕੇ ਰੱਖ ਦਏਗਾ। ਸਾਧ ਸੰਗਤ ਜੀ, ਹੁਣ ਫੁਰਮਾ ਰਹੇ ਹਨ **"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ"** ਕਿਹੜੇ ਜੁਗ ਵਿੱਚ, ਘੋਰ ਅੰਧਕਾਰ ਕਲਿਜੁਗ ਦੇ ਵਿੱਚ, ਬਾਬਾ ਨੰਦ ਸਿੰਘ ਸਾਹਿਬ ਨੇ ਇਕ ਦਫ਼ਾ ਫੁਰਮਾਇਆ ਕਿ

**ਭਿਆਨਕ ਹਨੇਰੀ ਦੇ ਵਿੱਚ ਦੀਵਾ ਜਗਾਉਣਾ ਕਿੰਨਾਂ ਮੁਸ਼ਕਿਲ ਹੈ, ਦੀਵੇ ਨੂੰ ਜਗਦਾ ਰੱਖਣਾ ਕਿੰਨਾਂ ਮੁਸ਼ਕਿਲ ਹੈ ਇਹ ਅੰਧਕਾਰ ਕਲਿਜੁਗ ਦੀ ਭਿਆਨਕ ਹਨੇਰੀ ਦੇ ਵਿੱਚ,**

**ਬਾਬਾ ਨੰਦ ਸਿੰਘ ਸਾਹਿਬ ਨੇ ਫ਼ੁਰਮਾਇਆ ਕੋਈ ਵਿਰਲਾ ਸੂਰਮਾ ਹੀ ਨਾਮ ਦੀ ਜੋਤ ਜਗਾਏਗਾ ਔਰ ਜਗਦੀ ਰੱਖੇਗਾ ।**

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥*
*ਆਤਮ ਜਿਣੈ ਸਗਲ ਵਸਿ ਤਾ ਕੈ*
*ਜਾ ਕਾ ਸਤਿਗੁਰੁ ਪੂਰਾ ॥*

ਕਿੱਡਾ ਵੱਡਾ ਉਹ ਸੂਰਮਾ ਹੋਇਗਾ ਕਲਿਜੁਗ ਦੇ ਵਿੱਚ, ਇਸ ਭਿਆਨਕ ਕਲਿਜੁਗ ਦੇ ਵਿੱਚ, ਜਿੰਨ੍ਹੇ ਆਪਣੀ ਆਤਮ ਨੂੰ ਜਿੱਤਿਆ ਹੋਇਗਾ ।**"ਸਗਲ ਵਸਿ ਤਾ ਕੈ"** ਸਾਰਾ ਸੰਸਾਰ ਹੀ ਉਸ ਦੇ ਵੱਸ ਵਿੱਚ ਹੋਏਗਾ

*ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥*
*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥*

ਉਹ ਸਾਰੀ ਸ੍ਰਿਸਟੀ ਦਾ ਮਾਲਕ ਹੋਏਗਾ ।

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥*

ਉਸ **'ਜਨ'** ਦੀ ਜਿਸ ਨੂੰ ਗੁਰੂ ਨਾਨਕ ਭੇਜਦਾ ਹੈ ਉਸਦੀ ਸਿਫਤ-ਸਾਲਾਹ ਹੋ ਰਹੀ ਹੈ।

ਉਹ ਜਨ ਜਿਸ ਨੂੰ ਇਸ ਕਲਿਜੁਗ ਦੇ ਵਿੱਚ ਇਸ ਤਰ੍ਹਾਂ ਦਾ ਰੰਗ ਲੱਗਿਆ ਹੋਏ ਉਹਦੇ ਚਰਨਾ ਦੀ ਧੂੜ ਦੀ ਮਹਾਨਤਾ ਉਹ ਕੀ ਹੈ? ਉਸਦਾ ਜਿਸ ਤਰ੍ਹਾਂ ਪਿਤਾ ਜੀ ਨਾਲ ਉਹ ਚੀਜ਼ ਵਰਤੀ ਹੈ ਉਹ ਆਪ ਦੇ ਨਾਲ ਸਾਂਝੀ ਕਰਦਾ ਹਾਂ।

## ਸੁਰਨਰ, ਮੁਨਜਨ ਦੇਵਤੇ ਤੇਰਾ ਚਰਨ ਅੰਮ੍ਰਿਤ ਮੰਗ ਰਹੇ ਨੇ

ਇਕ ਦਫ਼ਾ ਪਿਤਾ ਜੀ ਬਾਬਾ ਨੰਦ ਸਿੰਘ ਸਾਹਿਬ ਦੇ ਚਰਨਾਂ ਵਿੱਚ ਗਏ, ਜਿਸ ਵਕਤ ਵੀ ਖ਼ਬਰ ਭੇਜਦੇ ਸੀ ਬਾਬਾ ਜੀ ਉਸੇ ਵੇਲੇ ਅੰਦਰ ਬੁਲਾ ਲੈਂਦੇ ਸੀ। ਬਾਬਾ ਨੰਦ ਸਿੰਘ ਸਾਹਿਬ ਨੇ ਅੰਦਰ ਬੁਲਵਾ ਲਿਆ। ਜਾ ਕੇ ਕੀ ਦੇਖਿਆ ਕਿ ਉੱਥੇ ਹਜ਼ੂਰੀਆ ਬਾਬਾ ਨੰਦ ਸਿੰਘ ਸਾਹਿਬ ਦੇ ਚਰਨਾ ਦਾ ਇਸ਼ਨਾਨ ਕਰਾਉਣ ਲਗਾ ਹੈ ਇਕ ਤਿਰਮਚੀ ਕੋਲ ਪਈ ਸੀ ਤੇ ਮੌਡਿਆਂ ਤੇ ਤੌਲੀਆ ਸੀ। ਜਦੋਂ ਹੀ ਪਿਤਾ ਜੀ ਨੇ ਦੇਖਿਆ ਉਦੋਂ ਹੀ ਗਿੜਗਿੜਾ ਕੇ ਇਕ ਬੇਨਤੀ ਕੀਤੀ, ਇਕ ਅਰਜੋਈ ਕੀਤੀ ਕਿ ਹੇ ਗਰੀਬ ਨਿਵਾਜ ! ਇਹ ਸੇਵਾ ਆਪਣੇ ਇਸ ਕੁੱਤੇ ਨੂੰ ਬਖਸ਼ ਦਿਉ, ਬਾਬਾ ਜੀ ਨੇ ਮਿਹਰ ਦੀ

ਨਜ਼ਰ ਨਾਲ ਦੇਖਿਆ ਔਰ ਫਿਰ ਉਹ ਆਗਿਆ ਬਖਸ਼ੀ। ਪਿਤਾ ਜੀ ਆਏ ਕੰਬਦੇ ਹੱਥਾਂ ਨਾਲ ਉਹ ਤਿਰਮਚੀ ਚੁੱਕ ਕੇ ਅੱਗੇ ਕਰਕੇ, ਉਨ੍ਹਾਂ ਦਾ ਇਕ ਚਰਨ ਪਹਿਲੋਂ ਚੁੱਕ ਕੇ ਤਿਰਮਚੀ ਵਿੱਚ ਰੱਖਿਆ ਫਿਰ ਦੂਜਾ ਚਰਨ ਰੱਖਿਆ ਫਿਰ ਕੰਬਦੇ ਹੱਥਾਂ ਨਾਲ ਬਾਬਾ ਜੀ ਦੇ ਚਰਨ ਚੰਗੀ ਤਰ੍ਹਾਂ ਮਲ-ਮਲ ਕੇ ਧੋਤੇ। ਜਦੋਂ ਇਸ਼ਨਾਨ ਕਰਵਾ ਲਿਆ ਤੇ ਹਜੂਰੀਏ ਨੇ ਉਹ ਤੋਲੀਆ ਅੱਗੇ ਕਰ ਦਿੱਤਾ। ਪਿਤਾ ਜੀ ਨੇ ਫਿਰ ਚਰਨ ਵਿੱਚੋਂ ਕੱਢ ਕੇ ਤੋਲੀਏ ਨਾਲ ਪੂੰਝੇ ਤੇ ਉਹ ਤੋਲੀਆ ਹਜੂਰੀਏ ਨੇ ਵਾਪਿਸ ਲੈ ਲਿਆ। ਉਹਦੇ ਬਾਅਦ ਹਜੂਰੀਏ ਨੇ ਕਿਹਾ ਕਿ ਤੁਸੀ ਇਹ ਜਿਹੜਾ ਜਲ ਹੈ ਚੁੱਕ ਕੇ ਬਾਹਰ ਘਾਹ ਦੇ ਉੱਤੇ ਪਾ ਦਿਉ।

ਪਿਤਾ ਜੀ ਨੇ ਉਹ ਤਿਰਮਚੀ ਚੁੱਕੀ ਹੈ ਔਰ ਬਾਹਰ ਲੈ ਗਏ, ਘਾਹ ਦੇ ਕੋਲ ਖੜ੍ਹੇ ਹਨ, ਤਿਰਮਚੀ ਹੱਥ ਵਿੱਚ ਹੈ ਹੁਣ ਜਿਸ ਤਰ੍ਹਾਂ ਜਨਮਾਂ-ਜਨਮਾਂ ਦੀ ਪਿਆਸ ਲੱਗੀ ਹੁੰਦੀ ਹੈ, ਇਕੋ ਤਾਂ ਪਿਆਸ ਲੱਗੀ ਹੋਈ ਸੀ ਉਸ ਵੇਲੇ ਉਹ ਚਰਨ-ਅੰਮ੍ਰਿਤ ਸਾਹਮਣੇ ਸੀ। ਪਿਤਾ ਜੀ ਨੇ ਰੱਜ ਕੇ ਉਹ ਚਰਨ ਅੰਮ੍ਰਿਤ ਪੀਤਾ ਉਹਨੂੰ ਆਪਣੇ ਸੀਨੇ ਨਾਲ ਲਾ ਕੇ ਤਿਰਮਚੀ ਨੂੰ ਉਹਦੇ ਵਿੱਚੋਂ ਬੁੱਕਾਂ ਭਰ-ਭਰ ਕੇ ਸੀਸ ਤੇ ਪਾਇਆ, ਦਾੜ੍ਹੇ ਤੇ ਪਾਇਆ, ਮੁੱਖ ਤੇ ਪਾਇਆ, ਫਿਰ ਵੀ ਉਹ ਤਿਰਮਚੀ ਵੱਡੀ ਸੀ ਉਹਦੇ ਵਿੱਚ ਕਾਫ਼ੀ ਜਲ ਬਚ ਗਿਆ।

**ਹੁਣ ਪਿਤਾ ਜੀ ਉਸ ਜਲ ਨੂੰ ਘਾਹ ਦੇ ਉੱਤੇ ਪਾਉਣ ਲੱਗੇ। ਪਿਤਾ ਜੀ ਨੇ ਉਹ ਤਿਰਮਚੀ ਘਾਹ ਦੇ ਉੱਤੇ ਇਸ ਤਰ੍ਹਾਂ ਉਲਟਾ ਦਿੱਤੀ ਤਾਂ ਦੇਖਿਆ ਕਿ ਜਲ ਗਿਰਿਆ ਹੀ ਕੋਈ ਨਹੀਂ, ਜਲ ਕਾਫ਼ੀ ਸੀ ਪਰ ਘਾਹ ਦੇ ਉੱਤੇ ਗਿਰਿਆ ਕੋਈ ਨਹੀਂ। ਪਿਤਾ ਜੀ**

**ਬੜ੍ਹੇ ਹੈਰਾਨ ਔਰ ਇੰਨੀ ਦੇਰ ਨੂੰ ਕੀ ਦੇਖਦੇ ਹਨ, ਇਕ ਦ੍ਰਿਸ਼ਟਾਂਤ ਦੇਖਦੇ ਹਨ ਉੱਥੇ ਔਰ ਉਹ ਦ੍ਰਿਸ਼ਟਾਂਤ ਖੁੱਲੀਆਂ ਅੱਖਾਂ ਵਿੱਚ ਦੇਖ ਰਹੇ ਹਨ ਕਹਿੰਦੇ ਦੇਖਿਆ ਕੀ ਕਿ ਜਲ ਗਿਆ ਕਿਥੇ ? ਉਸ ਵੇਲੇ ਫਿਰ ਅਨਗਿਣਤ ਦਰਗਾਹੀ ਹਸਤੀਆਂ ਦੇ ਦਰਸ਼ਨ ਹੋਏ। ਐਨੀਆਂ ਹਸਤੀਆਂ ਬੇਸ਼ਮਾਰ, ਅਨਗਿਣਤ ਔਰ ਉਨ੍ਹਾਂ ਦੇ ਉਹ ਚਿਹਰਿਆਂ ਤੇ ਉਹ ਪਿਆਸ ਦੇਖੀ, ਤਰਸ ਰਹੇ ਸੀ ਉਸ ਚਰਨ ਅੰਮ੍ਰਿਤ ਦੀ, ਉਸ ਆਬੇਹਯਾਤ ਦੀ ਇਕ-ਇਕ ਬੂੰਦ ਵਾਸਤੇ।**

ਪਿਤਾ ਜੀ ਨੇ ਦੇਖਿਆ ਕਿ ਕਿਸ ਤਰ੍ਹਾਂ ਜਨਮਾਂ-ਜਨਮਾਂ ਦੀ, ਜੁਗਾਂ-ਜੁਗਾਂ ਦੀ ਇਹ ਰਿਸ਼ੀਆਂ ਤੇ ਤਪਸੱਵੀਆਂ ਨੂੰ ਪਿਆਸ ਕਿਸ ਚੀਜ਼ ਦੀ ਹੈ, ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਅੰਮ੍ਰਿਤ ਦੀ, ਉਸ ਦਾ ਇਕ ਵੀ ਕਤਰਾ ਥੱਲੇ ਨਹੀਂ ਗਿਰਨ ਦਿੱਤਾ ਔਰ ਇਉਂ ਲੱਗੇ ਕਿ ਇਹ ਤਾਂ ਇਕੱਲੀ ਇਸ ਸ੍ਰਿਸ਼ਟੀ ਦੇ ਰਿਸ਼ੀ ਤਪਸੱਵੀ ਨਹੀਂ ਹਨ, ਇਹ ਤਾਂ ਜੁਗਾਂ-ਜੁਗਾਂ ਦੇ ਹਨ ਔਰ ਪਿਤਾ ਜੀ ਕਹਿਣ ਲੱਗੇ ਜਦੋਂ ਮੈਂ ਉਨ੍ਹਾਂ ਦੀ ਬਹੁਤਾਤ ਦੇਖੀ ਕਿ ਕਿੰਨੇ ਜਨੇਂ, ਕਹਿਣ ਲੱਗੇ, ਮੈਨੂੰ ਇਹ ਖ਼ਿਆਲ ਹੈ ਕਿ ਉਹ ਇੱਕਲੇ ਇਕ ਖੰਡ-ਬ੍ਰਹਿਮੰਡ ਦੇ ਨਹੀਂ ਸੀ, ਉਹ ਤਾਂ ਪਤਾ ਨਹੀਂ ਕਿੰਨੇ ਖੰਡਾਂ-ਬ੍ਰਹਿਮੰਡਾਂ ਦੇ ਰਿਸ਼ੀ ਉੱਥੇ ਮੌਜੂਦ ਸਨ। ਕਹਿੰਦੇ, ਉਸ ਵੇਲੇ ਇਕ ਚੀਜ਼ ਅਨੁਭਵ ਹੋਈ ਕਿ,

**ਜਿਸ ਤਰ੍ਹਾਂ ਇਕ ਬਬੀਹਾ (ਚਾਤ੍ਰਿਕ) ਸਵਾਂਤ ਦੀ ਬੂੰਦ ਵਾਸਤੇ ਤਰਸਦਾ ਹੈ, ਇਸ ਧਰਤੀ ਤੇ ਤਰਸ ਰਿਹਾ ਹੈ ਜਿਸ ਧਰਤੀ ਤੇ ਬੇਇਨਤਿਹਾ ਚਸ਼ਮੇ ਹਨ, ਦਰਿਆ ਹਨ, ਨਦੀਆਂ ਹਨ, ਤੀਰਥ ਹਨ ਪਰ ਉਸ ਨੂੰ ਇਕ ਬੂੰਦ ਤੀਰਥ ਦੀ ਨਹੀਂ ਚਾਹੀਦੀ, ਇਕ**

**ਬੂੰਦ ਉਹਨੂੰ ਕਿਸੇ ਨਦੀ, ਕਿਸੇ ਚਸ਼ਮੇ ਦੀ ਨਹੀਂ ਚਾਹੀਦੀ ਉਹ ਸਿਰਫ ਪਿਆਸਾ ਹੈ ਉਸ ਬੂੰਦ ਦਾ ਜਿਸ ਨੂੰ ਸਵਾਂਤਿ ਬੂੰਦ ਕਹਿੰਦੇ ਹਨ। ਉਹ ਤਰਸ ਰਹੇ ਸੀ ਸਾਰੇ, ਕਿਹੜੀ ਬੂੰਦ ਵਾਸਤੇ, ਕਿਸ ਆਬੇਹਯਾਤ ਦੇ ਕਤਰੇ ਵਾਸਤੇ, ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਅੰਮ੍ਰਿਤ ਵਾਸਤੇ।**

ਪਿਤਾ ਜੀ ਬੜ੍ਹਾ ਰੋਏ ਉਸ ਵੇਲੇ ਦੇਖ ਕੇ ਸਭ ਕੁਝ ਔਰ ਬੜੇ ਹੀ ਦਿਲ ਦੇ ਵਿੱਚ, ਜਿਸ ਤਰ੍ਹਾਂ ਉਹ ਚਰਨ ਅੰਮ੍ਰਿਤ ਪੀਤਾ ਸੀ, ਕਹਿਣ ਲੱਗੇ, ਉਸ ਵੇਲੇ ਉਹ ਚਰਨ ਅੰਮ੍ਰਿਤ ਅੰਦਰ ਕੀ ਗਿਆ ਹੈ, ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲ ਹੀ ਮੇਰੇ ਮਨ ਔਰ ਹਿਰਦੇ ਵਿੱਚ ਜਾ ਕੇ ਸਮਾ ਗਏ ਹਨ, ਉੱਥੇ ਹੀ ਉਹ ਚਰਨ ਅੰਮ੍ਰਿਤ ਟਿੱਕ ਗਿਆ ਹੈ। ਇਕ ਚੀਜ਼ ਤਾਂ ਉਸ ਵੇਲੇ ਇਉਂ ਮਹਿਸੂਸ ਹੋਈ ਕਿ ਬਾਬਾ ਨੰਦ ਸਿੰਘ ਸਾਹਿਬ ਨੇ ਉਸ ਵੇਲੇ ਉਹ ਜਿਹੜੀ ਕਿਰਪਾ ਕੀਤੀ ਹੈ, ਉਹ ਇਕੱਲੇ ਮਨ ਔਰ ਹਿਰਦੇ ਵਿੱਚ ਹੀ ਨਹੀਂ ਬਲਕਿ ਅੰਤਰਆਤਮੇਂ ਵੀ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲ ਜਾ ਕੇ ਸਮਾ ਗਏ ਹਨ।

ਸਾਧ ਸੰਗਤ ਜੀ, ਜੋ ਪਿਤਾ ਜੀ ਦੀ ਉਸ ਵੇਲੇ ਹਾਲਤ ਸੀ, ਜੋ ਉਨ੍ਹਾਂ ਨੇ ਬਾਅਦ ਵਿੱਚ ਪਛਿਆਤਾਪ ਕੀਤਾ ਹੈ ਕਿ ਇਸ ਬਾਬਾ ਨੰਦ ਸਿੰਘ ਸਾਹਿਬ ਦੇ ਕੁੱਤੇ ਨੇ ਤੌਲੀਆ ਲੈ ਕੇ ਚਰਨ ਸਾਫ਼ ਕੀਤੇ ਹਨ ਫਿਰ ਸਾਰੀ ਉਮਰ ਇਹ ਪਤਾ ਨਹੀਂ ਕਿ ਉਹ ਅੰਮ੍ਰਿਤ ਧਾਰਾ, ਜਿਹੜੇ ਉਸ ਪਿਆਰ ਦੀ ਅੰਮ੍ਰਿਤ ਧਾਰਾ ਸੀ, ਪ੍ਰੇਮ ਦੀ, ਉਹ ਅੰਮ੍ਰਿਤ ਧਾਰਾ ਜਿਹੜੇ ਹੰਝੂਆਂ ਦੀ ਅੰਮ੍ਰਿਤ ਧਾਰਾ ਵਿੱਚ ਵਹਿੰਦੀ ਸੀ, ਫਿਰ ਪਿਤਾ ਜੀ ਸਾਰੀ ਉਮਰ ਆਖ਼ਿਰੀ ਦਿਨ ਤੱਕ, ਆਪਣੀ ਉਸ ਅੰਮ੍ਰਿਤ ਧਾਰਾ

ਨਾਲ, ਪ੍ਰੇਮ ਅੰਮ੍ਰਿਤ ਧਾਰਾ ਨਾਲ ਰੋਜ਼ ਹੀ ਚਰਨ ਧੋ, ਕੇ, ਫਿਰ ਇਕ ਪਾਲਤੂ ਕੁੱਤੇ ਦੀ ਤਰ੍ਹਾਂ ਉਹ ਚਰਨ ਕਮਲਾਂ ਨੂੰ ਫਿਰ ਆਪਣੀ ਜੀਭ ਨਾਲ ਚੱਟ ਕੇ ਸਾਫ਼ ਕਰਨਾ। ਕੀ ਮਜਾਲ ਹੈ ਕਦੇ ਤੌਲੀਏ ਦਾ ਸੋਚਿਆ ਵੀ ਹੋਵੇ ਔਰ ਉਹ ਬਾਬਾ ਨੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਦਾ ਜੋ ਪਿਤਾ ਜੀ ਦੇ ਨਾਲ ਫਿਰ ਜੋ ਵਾਪਰਿਆ ਹੈ, ਜੋ ਰੋਜ਼ ਉਨ੍ਹਾਂ ਨਾਲ ਖੇਡ ਹੋਏ ਹਨ। ਸਾਧ ਸੰਗਤ ਜੀ, ਉਹ ਫਿਰ ਕਿਸੇ ਹੋਰ Programme ਵਿੱਚ।

*ਤਪੀ ਤਪੀਸਰ ਆਪਣਾ ਆਪਾ,*
*ਤੇਰੇ ਰੰਗ ਵਿਚ ਰੰਗ ਰਹੇ ਨੇ ॥*

*ਕਈ ਫਰਿਸ਼ਤੇ ਤੇਰੇ ਦਰ ਤੋਂ*
*ਜੂਠੇ ਟੁਕੜੇ ਮੰਗ ਰਹੇ ਨੇ ॥*

*ਸੁਰਨਰ ਮੁਨਜਨ ਦੇਵਤੇ*
*ਤੇਰਾ ਚਰਨ ਅੰਮ੍ਰਿਤ ਮੰਗ ਰਹੇ ਨੇ ॥*

*ਵਾਹ ਵਾਹ ਬਾਬਾ ਨੰਦ ਸਿੰਘ ਜੀ*
*ਤੇਰਾ ਆਉਣਾ ਨਿਆਰਾ ॥*

*ਗੁਰੂ ਗ੍ਰੰਥ ਤੇ ਘੋਲ ਘੁਮਾਇਆ*
*ਆਪਣਾ ਜੀਵਨ ਸਾਰਾ ॥*

*ਧੰਨ ਧੰਨ ਬਾਬਾ ਨੰਦ ਸਿੰਘ ਜੀ,*
*ਧੰਨ ਹੈ ਤੇਰੀ ਵਡਿਆਈ ॥*

*ਸੰਗਤ ਗਾਉਂਦੀ, ਦੇਵਤੇ ਗਾਉਂਦੇ,*
*ਗਾਉਂਦੀ ਕੁਲ ਖ਼ੁਦਾਈ ॥*

## ਸਾਰਾ ਜੀਵਨ ਹੀ ਇਕ ਲੰਬੀ ਉਦਾਸੀ ਹੈ

ਜਿਹੜਾ ਜਨ ਪ੍ਰਕਾਸ਼ ਵਿੱਚੋਂ ਹੀ ਆਇਆ ਹੈ ਉਹ ਜੰਮਣ-ਮਰਨ ਵਿੱਚ ਨਹੀਂ ਹੈ, ਉਸ ਪ੍ਰਕਾਸ਼ ਨੂੰ ਅਨੁਭਵ ਕਰਨਾ ਅਸੰਭਵ ਹੈ। ਬਾਬਾ ਨੰਦ ਸਿੰਘ ਸਾਹਿਬ ਬਚਪਨ ਤੋਂ ਆਖਿਰੀ ਸੁਵਾਸ ਤੱਕ, ਉਹ ਪ੍ਰਕਾਸ਼ ਦੇ ਵਿੱਚ ਹੀ ਰਹੇ ਸਨ ਉਹ ਪ੍ਰਕਾਸ਼ ਇਕ ਪ੍ਰਕਾਸ਼ਮਈ ਜੀਵਨ ਹੈ, ਇਕ ਲੀਲ੍ਹਾ ਹੈ ਜੋ ਉਨ੍ਹਾਂ ਨੇ ਰਚੀ ਹੈ। ਸਾਧ ਸੰਗਤ ਜੀ, ਜੇ ਗੁਰੂ ਨਾਨਕ ਪਾਤਸ਼ਾਹ ਨੇ 12-12 ਸਾਲ ਦੀ ਉਦਾਸੀ ਕੀਤੀ ਹੈ।

ਬਾਬਾ ਨੰਦ ਸਿੰਘ ਸਾਹਿਬ ਨੇ ਕੈਸੀ ਉਦਾਸੀ ਕੀਤੀ ਹੈ? ਪੰਜ ਸਾਲ ਦੀ ਆਯੂ ਤੋਂ ਆਖਿਰੀ ਸੁਵਾਸ ਤੱਕ ਉਨ੍ਹਾਂ ਦਾ ਸਾਰਾ ਜੀਵਨ ਹੀ ਇਕ ਲੰਬੀ ਉਦਾਸੀ ਹੈ। ਸਾਧ ਸੰਗਤ ਜੀ, ਜੇ ਗੁਰੂ ਅੰਗਦ ਸਾਹਿਬ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਤੋਂ ਕੁਰਬਾਨ ਜਾ ਰਹੇ ਹਨ, ਉਸ ਪਿਆਰ ਦੇ

ਵਿੱਚ ਕਿਸੇ ਹੋਰ ਦੀ ਜਗ੍ਹਾ ਹੀ ਨਹੀਂ ਹੈ, ਨਾਂ ਕੋਈ ਪਰੇ ਨਿਰੰਕਾਰ ਹੈ ਨਾਂ ਕੋਈ ਹੋਰ ਸੰਸਾਰ ਹੈ, ਸਿਰਫ ਪਿਆਰ ਹੀ ਪਿਆਰ ਹੈ, ਉਹ ਗੁਰੂ ਨਾਨਕ ਪਾਤਸ਼ਾਹ ਦੇ ਉਸ ਪਿਆਰ ਦੇ ਉੱਤੇ ਕੁਰਬਾਨ ਹੁੰਦੇ ਹੋਏ ਬਾਬਾ ਨੰਦ ਸਿੰਘ ਸਾਹਿਬ ਨੇ ਸਾਰਾ ਜੀਵਨ ਹੀ ਗੁਰੂ ਨਾਨਕ ਪਾਤਸ਼ਾਹ, ਗੁਰੂ ਅੰਗਦ ਸਾਹਿਬ ਦੇ ਚਰਨਾ ਤੇ ਕੁਰਬਾਨ ਕਰ ਦਿੱਤਾ ਹੈ। ਜੇ ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਜੇ ਉਨ੍ਹਾਂ ਨੇ ਆਪਣੇ ਸਾਹਿਬ ਸਤਿਗੁਰੂ ਵੱਲ ਪਿੱਠ ਨਹੀਂ ਕੀਤੀ, ਪੁੱਠੇ ਪੈਰੀ ਤੁਰੇ ਜਾਂਦੇ ਹਨ ਔਰ ਕਿਸ ਅਧੇੜ ਉਮਰ ਦੇ ਵਿੱਚ ਕੜਾਕੇ ਦੀ ਸਰਦੀ ਹੈ, ਕੜਾਕੇ ਦੀ ਗਰਮੀ ਹੈ ਸਾਹਿਬ ਪੁੱਠੇ ਪੈਰੀ ਤੁਰੀ ਜਾਂਦੇ ਹਨ। ਸਾਧ ਸੰਗਤ ਜੀ ! ਬਾਬਾ ਨੰਦ ਸਿੰਘ ਸਾਹਿਬ ਨੇ ਫਿਰ ਜਿਹੜੇ ਉਸ ਕਮਾਈ ਦੇ ਉੱਤੇ ਫੁੱਲ ਚੜ੍ਹਾਏ ਹਨ ਸਾਰੀ ਜਿੰਦਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਪਿੱਠ ਨਹੀਂ ਕੀਤੀ। ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਜਿਹੜਾ ਮਹਾਨ ਸਿੱਖੀ ਦਾ ਰਸ ਪੀ ਰਹੇ ਹਨ, ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਜੀ ਦੀ ਸੰਗਤ ਦੀ ਸੇਵਾ, ਆਪ ਜਿਸ ਵਕਤ ਗੁਰੂ ਨਾਨਕ ਪਾਤਸ਼ਾਹ ਦੀ ਗੁਰਗੱਦੀ ਤੇ ਬਿਰਾਜਮਾਨ ਹੁੰਦੇ ਹਨ, ਸਾਧ ਸੰਗਤ ਜੀ, ਆਪਣੀ ਹੀ ਅੰਮ੍ਰਿਤ ਬਾਣੀ ਵਿੱਚ ਉਹ ਸਿੱਖੀ-ਰਸ ਨੂੰ ਕਿਸ ਤਰ੍ਹਾਂ ਲੋਚ ਰਹੇ ਹਨ। ਇਹ ਸ਼ਬਦਾਂ ਦੇ ਵਿੱਚ ਹੀ ਉਹ ਸਪੱਸ਼ਟ ਹੋ ਜਾਂਦਾ ਹੈ।

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥*

*ਧੁਰਿ ਮਸਤਕਿ ਹਰਿ ਪ੍ਰਭ ਲਿਖਿਆ*
*ਗੁਰ ਨਾਨਕ ਮਿਲਿਆ ਆਇ ॥*

*ਮੈ ਬਹੁੜਿ ਨ ਤ੍ਰਿਸਨਾ ਭੁਖੜੀ
ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੀਸੈ ਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥*

ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਫੁਰਮਾਉਂਦੇ ਹਨ ਜਿਸ ਤਰ੍ਹਾਂ ਉਨ੍ਹਾਂ ਨੇ ਪਿਆਰ ਕੀਤਾ ਸੀ, ਉਸੇ ਤਰ੍ਹਾਂ ਹੀ ਗੁਰੂ ਅਰਜਨ ਪਾਤਸ਼ਾਹ ਉਹੀ ਗੁਰਸਿੱਖਾਂ ਦੇ ਚਰਨ ਘੁੱਟਦੇ ਹਨ, ਉਨ੍ਹਾਂ ਦੀ ਸੇਵਾ ਕਰਦੇ ਹਨ, ਨੰਗੇ ਪੈਰੀ ਉਨ੍ਹਾਂ ਲਈ ਪਰਸ਼ਾਦਾ ਲੈ ਕੇ ਜਾਂਦੇ ਹਨ, ਫਿਰ ਉਨ੍ਹਾਂ ਦੇ ਜੋੜੇ ਜਿਸ ਪਿਆਰ ਦੇ ਨਾਲ ਸਾਫ਼ ਕਰਦੇ ਹਨ ਫਿਰ ਹੱਥ ਜੋੜ ਕੇ ਖੜ੍ਹੇ ਹਨ ਕਿ ਮੈਂ ਤੁਹਾਡੀ ਸੇਵਾ ਕਰਨ ਵਾਸਤੇ ਆਇਆ ਹਾਂ ਤੁਹਾਡੇ ਤੋਂ ਸੇਵਾ ਲੈਣ ਵਾਸਤੇ ਨਹੀਂ ਆਇਆ। ਬਾਬਾ ਨੰਦ ਸਿੰਘ ਸਾਹਿਬ ਨੇ ਉਸ ਸੰਗਤ ਦੀ ਸਾਰੀ ਜਿੰਦਗੀ ਬਰਾਬਰੀ ਨਹੀਂ ਕੀਤੀ। ਜਿਸ ਨਿਮਰਤਾ ਤੇ ਗਰੀਬੀ ਵਿੱਚ ਉਸ ਸੰਗਤ ਦੀ ਸੇਵਾ ਕੀਤੀ ਹੈ ਉਹ ਕਮਾਲ ਹੀ ਕਮਾਲ ਹੈ। ਜੇ ਗੁਰੂ ਤੇਗ ਬਹਾਦਰ ਸਾਹਿਬ 26 ਸਾਲ ਬੈਠੇ ਕੱਚੇ ਭੋਰੇ ਵਿੱਚ ਘੋਰ ਤੱਪਸਿਆ ਕਰ ਰਹੇ ਹਨ ਇਸ ਕਲਿਜੁਗ ਦੇ ਵਿੱਚ ਉਹ ਉਸ ਅਖੰਡ ਲੀਨਤਾ ਦੇ ਵਿੱਚ, ਪ੍ਰੇਮ ਲੀਨਤਾ ਦੇ ਵਿੱਚ, ਉਸ ਅਖੰਡ ਨਾਮ ਰਸ ਦੇ ਵਿੱਚ, ਉਹ ਰਤੇ ਪਏ ਹਨ ਉਸ ਵੇਲੇ ਫਿਰ ਮੇਰੇ ਸਾਹਿਬ ਬਾਬਾ ਨੰਦ ਸਿੰਘ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਤੇ ਕੁਰਬਾਨ ਜਾਂਦੇ ਹਨ, ਬਲਿਹਾਰ ਜਾਂਦੇ ਹੋਏ ਸਾਧ ਸੰਗਤ ਜੀ, ਸਾਰੀ ਉਮਰ ਕੱਚੇ ਭੋਰਿਆ ਵਿੱਚ ਕੱਟ ਦਿੱਤੀ ਹੈ ਕੀ ਮਜਾਲ ਹੈ ਪੱਕੀ ਇੱਟ ਵੀ ਲਾਈ ਹੋਵੇ। ਸਾਧ ਸੰਗਤ ਜੀ, ਜਦੋਂ ਗੁਰੂ ਅਰਜਨ ਪਾਤਸ਼ਾਹ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ

ਸਾਹਿਬ ਦਾ ਪ੍ਰਕਾਸ਼ ਕੀਤਾ ਹੈ ਉਸ ਵੇਲੇ ਫਰਸ਼ ਤੇ ਹੋ ਗਏ ਹਨ, ਲਾਂਭੇ ਹੋ ਗਏ ਹਨ, ਸਾਰਿਆਂ ਦਾ ਮੁੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਕਰ ਰਹੇ ਹਨ।

ਦਸ਼ਮੇਸ਼ ਪਿਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਸਭ ਕੁੱਛ ਨਿਛਾਵਰ ਕਰਕੇ, ਸਮੇਟ ਕੇ, ਸੰਕੋਚ ਕੇ ਆਪਣੇ ਹੀ ਸਰਬੰਸ ਦੀ ਫੁੱਲਾਂ ਦੀ ਸੇਜ ਤੇ ਜਦੋਂ ਗੁਰੂ ਨਾਨਕ ਦੀ ਗੁਰਗੱਦੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਿਰਾਜਮਾਨ ਕਰਦੇ ਹਨ ਕਿਸ ਤਰ੍ਹਾਂ ਲਾਂਭੇ ਖੜ੍ਹੇ ਹੋ ਗਏ ਹਨ। ਸਾਰੇ ਸੰਸਾਰ ਨੂੰ ਸਾਹਿਬ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨ ਕਮਲਾਂ ਵਿੱਚ ਸੌਂਪ ਕੇ ਤੇ ਆਪ ਥੋੜ੍ਹੀ ਹੀ ਦੇਰ ਬਾਅਦ ਅਲੋਪ ਹੋ ਜਾਂਦੇ ਹਨ।

ਸਾਧ ਸੰਗਤ ਜੀ, ਬਾਬਾ ਨੰਦ ਸਿੰਘ ਸਾਹਿਬ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਔਰ ਗੁਰੂ ਅਰਜਨ ਪਾਤਸ਼ਾਹ ਉਨ੍ਹਾਂ ਦੇ ਉੱਤੇ ਕੁਰਬਾਨ ਹੁੰਦੇ ਹੋਏ ਆਪਣੇ ਆਪ ਨੂੰ ਜਿਸ ਤਰ੍ਹਾਂ ਪਰੇ ਕੀਤਾ ਹੈ, ਆਪਣੇ ਆਪ ਨੂੰ ਜਿਸ ਤਰ੍ਹਾਂ ਲਾਂਭੇ ਕੀਤਾ ਹੈ ਕੀ ਮਜਾਲ ਹੈ ਆਪਣਾ ਨਾਮ ਵੀ ਵਿੱਚ ਆਉਣ ਦਿੱਤਾ ਹੋਵੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਨਾਨਕ ਪਾਤਸ਼ਾਹ ਤੇ ਗੁਰੂ ਅਰਜਨ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਸਾਹਿਬ ਤੇ ਆਪਣਾ ਨਾਮ ਤੇ ਨਿਸ਼ਾਨ ਮਿਟਾ ਦਿੱਤਾ ਹੈ। ਫਿਰ ਸਾਧ ਸੰਗਤ ਜੀ, ਸਾਹਿਬ ਨੇ ਪੂਰਨੇ ਪਾਏ ਹਨ, ਬਲਿਦਾਨ ਦਿੱਤੇ ਹਨ ਤੇ ਬਾਬਾ ਨੰਦ ਸਿੰਘ ਸਾਹਿਬ ਦਾ ਇਕ ਇਕ ਸੁਵਾਸ, ਇਕ ਇਕ ਪਲ, ਇਕ ਇਕ ਘੜ੍ਹੀ, ਇਕ ਇਕ ਦਿਵਸ, ਉਹ ਪੂਰਾ ਦਾ ਪੂਰਾ ਜੀਵਨ ਹੀ ਇਕ ਮਹਾਨ ਬਲਿਦਾਨ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਸਾਹਿਬਾਨ ਦੇ ਚਰਨ ਕਮਲਾਂ ਦੇ ਵਿੱਚ।

*ਧੰਨ ਧੰਨ ਬਾਬਾ ਨੰਦ ਸਿੰਘ ਜੀ*
*ਧੰਨ ਹੈ ਤੇਰੀ ਵਡਿਆਈ ॥*

*ਸੰਗਤ ਗਾਉਂਦੀ ਦੇਵਤੇ ਗਾਉਂਦੇ*
*ਗਾਉਂਦੀ ਕੁਲ ਖ਼ੁਦਾਈ ॥*

*ਸੁਣੋ ਮੇਰੇ ਵੀਰ ਜੀਓ*
*ਬਾਬੇ ਨੰਦ ਸਿੰਘ ਜੀ ਦੀ ਅਮਰ ਕਥਾ ॥*

**ਗੁਰੂ ਨਾਨਕ ਦਾਤਾ ਬਖਸ਼ ਲੈ ।**
**ਬਾਬਾ ਨਾਨਕ ਬਖਸ਼ ਲੈ ॥**